# India-EU Leaders' Meeting (May 08, 2021)

May 06, 2021

---

## ਰਤ-ਯੂਰਪੀ ਸੰਘ ਦੇ ਆਗੂਆਂ ਦੀ ਬੈਠਕ (8 ਮਈ, 2021)

6 ਮਈ, 2021

1. ਯੂਰਪੀ ਪ੍ਰੀਸ਼ਦ ਦੇ ਪ੍ਰਧਾਨ ਸ਼੍ਰੀ ਚਾਰਲਸ ਮਿਸ਼ੇਲ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 8 ਮਈ, 2021 ਨੂੰ ਯੂਰਪੀ ਪ੍ਰੀਸ਼ਦ ਦੀ ਬੈਠਕ ਵਿੱਚ ਉਚੇਚੇ ਤੌਰ 'ਤੇ ਸੱਦੇ ਗਏ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਭਾਰਤ-ਯੂਰਪੀ ਸੰਘ ਦੇ ਆਗੂਆਂ ਦੀ ਬੈਠਕ ਦੀ ਮੇਜ਼ਬਾਨੀ ਪੁਰਤਗਾਲੀ ਪ੍ਰਧਾਨ ਮੰਤਰੀ ਸ਼੍ਰੀ ਐਂਟਨੀਓ ਕੋਸਟਾ ਦੁਆਰਾ ਕੀਤੀ ਜਾ ਰਹੀ ਹੈ। ਇਸ ਸਮੇਂ ਯੂਰਪੀ ਸੰਘ ਦੀ ਪ੍ਰੀਸ਼ਦ ਦੀ ਪ੍ਰਧਾਨਗੀ ਪੁਰਤਗਾਲ ਕੋਲ ਹੈ।

2. ਪ੍ਰਧਾਨ ਮੰਤਰੀ ਯੂਰਪੀਅਨ ਯੂਨੀਅਨ ਦੇ ਸਾਰੇ 27 ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਜਾਂ ਮੁਲਕਾਂ ਦੇ ਮੁਖੀਆਵਾਂ ਨਾਲ ਬੈਠਕ ਵਿਚ ਹਿੱਸਾ ਲੈਣਗੇ। ਯੂਰਪੀ ਸੰਘ +27 ਫਾਰਮੈਟ ਵਿੱਚ ਇਹ ਬੈਠਕ ਪਹਿਲਾਂ ਸਿਰਫ ਇਕ ਵਾਰ ਹੀ ਇਸ ਸਾਲ ਮਾਰਚ ਅੰਦਰ ਅਮਰੀਕੀ ਰਾਸ਼ਟਰਪਤੀ ਨਾਲ ਹੋਈ ਹੈ। ਇਹ ਆਗੂ COVID -19 ਮਹਾਂਮਾਰੀ ਅਤੇ ਸਿਹਤ ਸੰਭਾਲ ਸਹਿਯੋਗ, ਟਿਕਾਉ ਅਤੇ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਤ ਕਰਨ, ਭਾਰਤ-ਯੂਰਪੀ ਸੰਘ ਆਰਥਿਕ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਅਤੇ ਆਪਸੀ ਹਿਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ-ਵਟਾਂਦਰੇ ਕਰਨਗੇ।

3. ਭਾਰਤ-ਯੂਰਪੀ ਸੰਘ ਦੇ ਨੇਤਾਵਾਂ ਦੀ ਇਹ ਬੈਠਕ ਯੂਰਪੀ ਸੰਘ ਦੇ ਮੈਂਬਰ ਦੇਸ਼ਾਂ ਦੇ ਸਾਰੇ ਆਗੂਆਂ ਨਾਲ ਵਿਚਾਰ ਵਟਾਂਦਰੇ ਕਰਨ ਦਾ ਅਦੁੱਤਾ ਮੌਕਾ ਹੈ। ਇਹ ਮਹੱਤਵਪੂਰਨ ਰਾਜਨੀਤਿਕ ਮੀਲ ਪੱਥਰ ਹੈ ਅਤੇ ਇਸ ਨਾਲ ਜੁਲਾਈ, 2020 ਵਿਚ ਹੋਏ 15ਵੇਂ ਭਾਰਤ-ਯੂਰਪੀ ਸੰਘ ਸਿਖਰ ਸਮੇਲਨ ਤੋਂ ਬਾਅਦ ਸਬੰਧਾਂ ਵਿਚ ਆਈ ਰਫਤਾਰ ਨੂੰ ਹੋਰ ਤੇਜ਼ ਕਰਨ 'ਚ ਮਦਦ ਮਿਲੇਗੀ।

ਨਵੀਂ ਦਿਲੀ
6 ਮਈ, 2021

DISCLAIMER: This is an approximate translation. The original is available in English on MEA's website and may be referred to as the official press release.